| ਸੰਥਿਆ – ਆਰਤੀ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਅਤੇ ਹੋਰ ਜਾਣਕਾਰੀ | ਅਰਥ ਵਿਚਾਰ |
| **ੴ ਸਤਿ ਗੁਰਪ੍ਰਸਾਦਿ ॥** | | | ਆਦਿ ਮੰਗਲ |
| **ਧਨਾਸਰੀ, ਮਹਲਾ ੧, ਆਰਤੀ॥** | | | ਰਾਗ ਧਨਾਸਰੀ ਵਿਚ, ਪਹਿਲੀ ਪਾਤਿਸ਼ਾਹੀ ਦੀ ਆਰਤੀ ਨਾਮ ਦੀ ਬਾਣੀ। |
| ਗਗਨਮੈ ਥਾਲੁ, ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ ॥ | | "ਗਗਨਮੈ" ਨੂੰ ਪਦਛੇਦ ਕਰਕੇ "ਗਗਨ ਮੈ" ਉਚਾਰਨਾ ਠੀਕ ਨਹੀਂ ਹੈ। 'ਗਗਨਮੈ' ਦਾ ਭਾਵ ਹੈ 'ਗਗਨਮਈ' | ਆਕਾਸ਼ ਰੂਪ ਥਾਲ ਹੈ, ਸੂਰਜ ਅਤੇ ਚੰਦ ਰੂਪ ਦੀਵੇ ਹਨ ਅਤੇ ਤਾਰੇ ਰੂਪੀ ਮੋਤੀ ਹਨ (ਆਰਤੀ ਵਾਲੀ ਥਾਲ ਵਿਚ)। |
| ਧੂਪੁ ਮਲਆਨਲੋ, ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ ॥੧॥ | | "ਮਲਆਨਲੋ" ਦਾ ਉਚਾਰਨ ਮਲਿਆਨਲੋ ਕਰਨਾ ਗਲਤ ਹੈ। | ਮਲਆਨਲੋ ਪਰਬਤ ਦੀ ਖ਼ੁਸ਼ਬੂ ਧੂਫ ਹੈ, ਹਵਾ ਚਉਰ ਰੂਪ ਹੈ ਅਤੇ ਸਾਰੀ ਬਨਸਪਤੀ ਆਰਤੀ ਲਈ ਫੁੱਲਾਂ ਦਾ ਕੰਮ ਦਿੰਦੀ ਹੈ। |
| ਕੈਸੀ ਆਰਤੀ ਹੋਇ, ਭਵਖੰਡਨਾ, ਤੇਰੀ ਆਰਤੀ ॥ | | ਭਵਖੰਡਨਾ = ਜਨਮ-ਮਰਣ ਕੱਟਣ ਵਾਲਾ ਵਾਹਿਗੁਰੂ। | ਕੈਸੀ (ਸੁੰਦਰ, ਅਸਚਰਜ-ਰੂਪ) ਆਰਤੀ ਹੈ, ਹੇ ਭਵਖੰਡਨਾ, ਤੇਰੀ ਆਰਤੀ। |
| ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥ | ਸ਼ਬਦ | | ਅਨਹਤ ਸ਼ਬਦ ਰੂਪੀ ਭੇਰੀ (ਨਗਾਰਾ) ਵੱਜ ਰਹੀ ਹੈ। |
| ਸਹਸ ਤਵ ਨੈਨ, ਨਨ ਨੈਨ ਹੈ ਤੋਹਿ ਕਉ, ਸਹਸ ਮੂਰਤਿ, ਨਨਾ ਏਕ ਤੋਹੀ ॥ | ਹੈਂ | ਨੋਟ ਕਰੋ ਜੀ – ਇਸ ਆਰਤੀ ਵਾਲੇ ਸ਼ਬਦ ਵਿਚ ਪਾਠ 'ਹੈ' ਹੈ ਜਦਕਿ ਸੋਹਿਲਾ ਸਾਹਿਬ ਵਿਚਲੇ ਇਸ ਸ਼ਬਦ ਵਿਚ ਪਾਠ 'ਹਹਿ' ਹੈ। | ਸਰਗੁਣ ਹੋਣ ਕਰਕੇ ਤੇਰੀਆਂ ਹਜ਼ਾਰਾਂ ਅੱਖਾਂ ਹਨ ਪਰ ਨਿਰਗੁਣ ਹੋਣ ਕਰਕੇ ਇਕ ਵੀ ਨਹੀਂ; ਇਸੇ ਤਰਾਂ ਹੀ ਸਰਗੁਣ ਸਰੂਪ ਵਿਚ ਤੇਰੀਆਂ ਹਜ਼ਾਰਾਂ ਮੂਰਤਾਂ ਹਨ (ਤੂੰ ਹਰ ਜੀਵ ਵਿਚ ਹੈਂ) ਪਰ ਨਿਰਗੁਣ ਸਰੂਪ ਹੋਣ ਕਰਕੇ ਤੇਰੀ ਇਕ ਵੀ ਤ੍ਰੈਗੁਣੀ ਮੂਰਤਿ ਨਹੀਂ ਹੈ। |
| ਸਹਸ ਪਦ ਬਿਮਲ, ਨਨ ਏਕ ਪਦ, ਗੰਧ ਬਿਨੁ, ਸਹਸ ਤਵ ਗੰਧ, ਇਵ ਚਲਤ ਮੋਹੀ ॥੨॥ | ਚਲੱਤ | ਚਲਤ ਦਾ ਭਾਵ ਹੈ ਚਲਣਾ ਜਦਕਿ ਚਲੱਤ ਦਾ ਭਾਵ ਹੈ ਹੈਰਾਨ ਕਰਨ ਵਾਲੇ ਕੌਤਕ। | ਸਰਗੁਣ ਹੋਣ ਕਰਕੇ ਤੇਰੇ ਹਜ਼ਾਰਾਂ ਪੈਰ ਹਨ ਪਰ ਨਿਰਗੁਣ ਹੋਣ ਕਰਕੇ ਇਕ ਵੀ ਨਹੀਂ; ਨਿਰਗੁਣ ਹੋਣ ਕਰਕੇ ਤੂੰ ਸੰਸਾਰੀ ਗੰਧ (ਮੁਸ਼ਕ) ਤੋਂ ਬਿਨਾਂ ਹੈ ਪਰ ਸਰਗੁਣ ਹੋਣ ਕਰਕੇ ਹਜ਼ਾਰਾਂ ਤੇਰੀਆਂ ਗੰਧਾਂ ਹਨ; ਤੇਰੇ ਇਹਨਾਂ ਕੌਤਕਾਂ ਕਰਕੇ ਮੈਂ ਮੋਹੀ ਹੋਈ ਹਾਂ। |
| ਸਭ ਮਹਿ ਜੋਤਿ, ਜੋਤਿ ਹੈ ਸੋਇ ॥ | ਮਹਿੰ | | ਸਾਰਿਆਂ ਵਿਚ ਜੋਤਿ ਜੋ ਹੈ, ਸੋ ਉਸ ਪਰਮਾਤਮਾ ਦੀ ਜੋਤਿ ਹੈ। |

| ਸੰਥਿਆ – ਆਰਤੀ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਅਤੇ ਹੋਰ ਜਾਣਕਾਰੀ | ਅਰਥ ਵਿਚਾਰ |
| ਤਿਸ ਕੈ ਚਾਨਣਿ, ਸਭ ਮਹਿ ਚਾਨਣੁ ਹੋਇ ॥ | ਮਹਿਂ | ਨੋਟ ਕਰੋ ਜੀ – ਇਸ ਆਰਤੀ ਵਾਲੇ ਸ਼ਬਦ ਵਿਚ ਪਾਠ 'ਕੈ' ਹੈ ਜਦਕਿ ਸੋਹਿਲਾ ਸਾਹਿਬ ਵਿਚਲੇ ਇਸ ਸ਼ਬਦ ਵਿਚ ਪਾਠ 'ਦੈ' ਹੈ। | ਉਸ ਜੋਤਿ ਦੇ ਚਾਨਣ ਕਰਕੇ, ਸਾਰਿਆਂ ਵਿਚ ਚਾਨਣ ਹੈ। |
| ਗੁਰ ਸਾਖੀ, ਜੋਤਿ ਪਰਗਟੁ ਹੋਇ ॥ | | | ਗੁਰੂ ਦੀ ਸਾਖੀ ਰਾਹੀਂ ਭਾਵ ਗੁਰੂ ਦੀ ਬਾਣੀ ਰਾਹੀਂ ਜੋਤਿ ਪਰਗਟ ਹੁੰਦੀ ਹੈ। |
| ਜੋ ਤਿਸੁ ਭਾਵੈ, ਸੁ ਆਰਤੀ ਹੋਇ ॥੩॥ | | | ੧. ਜੋ ਉਸ ਨੂੰ ਚੰਗੀ ਲਗੇ ਉਹ ਅਸਲ ਵਿਚ ਆਰਤੀ ਹੈ।<br>੨. ਇਥੇ ਕਟਾਖ ਹੈ ਕਿ ਜੋ ਪਰਚੱਲਤ ਨਕਲੀ ਆਰਤੀ ਹੈ, ਉਹ ਪਰਮਾਤਮਾ ਨੂੰ ਨਹੀਂ ਭਾਉਂਦੀ। |
| ਹਰਿ ਚਰਣ ਕਮਲ ਮਕਰੰਦ, ਲੋਭਿਤ ਮਨੋ, ਅਨਦਿਨੋ ਮੋਹਿ ਆਹੀ ਪਿਆਸਾ ॥ | | ਮਕਰੰਦ = ਫੁਲਾਂ ਦਾ ਰਸ। | ਹਰੀ ਦੇ ਮਕਰੰਦ ਰੂਪੀ ਚਰਨਾਂ ਕਮਲਾਂ ਦਾ, ਮੇਰਾ ਮਨ ਲੋਭੀ (ਭਾਵ ਮੁਸ਼ਤਾਕ) ਹੈ; ਸਾਰਾ ਦਿਨ ਇਹੋ ਪਿਆਸ ਮੈਨੂੰ ਲਗੀ ਰਹਿੰਦੀ ਹੈ। |
| ਕ੍ਰਿਪਾ, ਜਲੁ ਦੇਹਿ ਨਾਨਕ ਸਾਰਿੰਗ ਕਉ, ਹੋਇ ਜਾ ਤੇ, ਤੇਰੈ ਨਾਮਿ ਵਾਸਾ ॥੪॥੧॥੭॥੯॥ | ਜਾਂ | ੧. "ਕ੍ਰਿਪਾ ਜਲੁ ਦੇਹਿ" ਇਕੱਠਾ ਨਹੀਂ ਉਚਾਰਣਾ ਕਿਉਂਕਿ ਇਸ ਤਰਾਂ ਭਾਵ ਨਿਕਲੇਗਾ – ਕ੍ਰਿਪਾ-ਜਲ ਦੇਵੋ, ਜਦਕਿ ਭਾਵ ਹੈ – ਕ੍ਰਿਪਾ ਕਰਕੇ ਜਲ ਦੇਵੋ। ਸੋ ਕ੍ਰਿਪਾ ਤੇ ਛੋਟਾ ਬਿਸ਼ਰਾਮ ਜ਼ਰੂਰੀ ਹੈ।<br>੨. ਨੋਟ ਕਰੋ ਜੀ – ਇਸ ਆਰਤੀ ਵਾਲੇ ਸ਼ਬਦ ਵਿਚ ਪਾਠ 'ਨਾਮਿ' ਹੈ ਜਦਕਿ ਸੋਹਿਲਾ ਸਾਹਿਬ ਵਿਚਲੇ ਇਸ ਸ਼ਬਦ ਵਿਚ ਪਾਠ 'ਨਾਇ' ਹੈ; ਅਰਥ ਇਕੋ ਹੈ। | ੧. ਕਿਰਪਾ ਕਰਕੇ, ਨਾਨਕ ਚਾਤ੍ਰਿਕ ਨੂੰ (ਨਾਮ ਰੂਪੀ) ਜਲ ਦੇਵੋ, ਜਿਸ ਕਰਕੇ ਤੇਰੇ ਨਾਮ ਵਿਚ ਵਾਸਾ ਹੋ ਜਾਵੇ।<br>੨. ਇਹ ਭਾਵ ਨਹੀਂ ਕਿ ਨਾਮ ਦਾ ਗੁਰਾਂ ਦੇ ਹਿਰਦੇ ਵਿਚ ਵਾਸਾ ਹੋ ਜਾਵੇ ਕਿਉਂਕਿ 'ਨਾਮਿ' ਦੇ ਅਖੀਰ ਵਿਚ ਸਿਹਾਰੀ 'ਵਿਖੇ' ਦਾ ਅਰਥ ਦੇ ਰਹੀ ਹੈ। |
| ਨਾਮੁ ਤੇਰੋ ਆਰਤੀ, ਮਜਨੁ, ਮੁਰਾਰੇ ॥ | ਮੱਜਨੁ | | ਹੇ ਮੁਰਾਰੀ, ਮੇਰੇ ਵਾਸਤੇ ਤੇਰਾ ਨਾਮੁ ਆਰਤੀ ਹੈ ਤੇ ਤੇਰਾ ਨਾਮ ਹੀ ਤੀਰਥਾਂ ਤੇ ਮੱਜਨ ਹੈ। |
| ਹਰਿ ਕੇ ਨਾਮ ਬਿਨੁ, ਝੂਠੇ ਸਗਲ ਪਾਸਾਰੇ ॥੧॥ ਰਹਾਉ ॥ | | | ਹਰੀ ਦੇ ਨਾਮ ਵਾਲੀ ਆਰਤੀ ਤੋਂ ਬਿਨਾ ਹੋਰ ਝੂਠ ਵਿਖਾਵੇ ਵਾਲੇ ਪਾਸਾਰੇ (ਆਰਤੀ ਲਈ) ਝੂਠੇ ਹਨ। |

| ਸੰਥਿਆ – ਆਰਤੀ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਅਤੇ ਹੋਰ ਜਾਣਕਾਰੀ** | **ਅਰਥ ਵਿਚਾਰ** |
| ਨਾਮੁ ਤੇਰੋ ਆਸਨੋ, ਨਾਮੁ ਤੇਰੋ ਉਰਸਾ, ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥ | | | ਤੇਰਾ ਨਾਮ ਆਸਨ ਹੈ, ਤੇਰਾ ਨਾਮ ਉਰਸਾ (ਚੰਦਨ ਘਸਾਉਣ ਵਾਲਾ ਪੱਥਰ) ਹੈ ਅਤੇ ਤੇਰਾ ਨਾਮ, ਆਰਤੀ ਵਿਚ (ਇਸ਼ਟ ਦੀ ਮੂਰਤੀ ਤੇ) ਛਿੜਕਣ ਵਾਲਾ ਕੇਸਰ ਹੈ। |
| ਨਾਮੁ ਤੇਰਾ ਅੰਭੁਲਾ, ਨਾਮੁ ਤੇਰੋ ਚੰਦਨੋ, ਘਸਿ ਜਪੇ ਨਾਮੁ ਲੇ, ਤੁਝਹਿ ਕਉ ਚਾਰੇ ॥੧॥ | | ਅੰਭੁਲਾ = ਅੰਭ = ਜਲ। | ਤੇਰਾ ਨਾਮ ਆਰਤੀ ਵਿਚ ਵਰਤਿਆ ਜਾਣ ਵਾਲਾ ਪਾਣੀ ਹੈ, ਤੇਰਾ ਨਾਮ ਚੰਦਨ ਹੈ, ਚੰਦਨ ਦਾ ਉਰਸਾ ਤੇ ਘਸਾਉਣਾ ਮੇਰੇ ਲਈ ਨਾਮ ਜਪਣਾ ਹੈ, ਅਤੇ ਨਾਮ ਰੂਪੀ ਤੈਨੂੰ ਚੜ੍ਹਾਵਾ ਚਾੜ੍ਹਨਾ ਹੈ। |
| ਨਾਮੁ ਤੇਰਾ ਦੀਵਾ, ਨਾਮੁ ਤੇਰੋ ਬਾਤੀ, ਨਾਮੁ ਤੇਰੋ ਤੇਲੁ, ਲੇ ਮਾਹਿ ਪਸਾਰੇ ॥ | ਮਾਹਿੰ | | ਤੇਰਾ ਨਾਮ ਆਰਤੀ ਲਈ ਵਰਤਿਆ ਜਾਣ ਵਾਲਾ ਦੀਵਾ ਹੈ, ਤੇਰਾ ਨਾਮ ਦੀਵੇ ਵਿਚ ਜਗਾਉਣ ਲਈ ਬੱਤੀ ਹੈ, ਤੇਰਾ ਨਾਮ ਦੀਵੇ ਵਿਚ ਪੈਣ ਵਾਲਾ ਤੇਲ ਹੈ ਤੇ ਇਹ ਤੇਲ ਮੈਂ ਇਸ ਦੀਵੇ ਵਿਚ ਪਾਇਆ ਹੈ। |
| ਨਾਮ ਤੇਰੇ ਕੀ ਜੋਤਿ ਲਗਾਈ, ਭਇਓ ਉਜਿਆਰੋ, ਭਵਨ ਸਗਲਾਰੇ ॥੨॥ | | | ਜਦੋਂ ਇਸ ਨਾਮ ਰੁਪੀ ਦੀਵੇ ਦੀ ਜੋਤਿ ਜਗਾਈ ਤਾਂ ਸਾਰੇ ਭਵਨ ਵਿਚ ਉਜਾਲਾ ਹੋ ਗਿਆ ਭਾਵ ਜਦੋਂ ਨਾਮ ਜਪਿਆ ਤਾਂ ਤੱਤ ਗਿਆਨ ਦਾ ਉਜਾਲਾ ਹੋ ਗਿਆ ਭਾਵ ਪਰਮਾਤਮਾ ਦੇ ਜੋਤਿ ਰੂਪੀ ਦਰਸ਼ਨ ਹੋ ਗਏ। |
| ਨਾਮੁ ਤੇਰੋ ਤਾਗਾ, ਨਾਮੁ ਫੂਲ ਮਾਲਾ, ਭਾਰ ਅਠਾਰਹ ਸਗਲ ਜੂਠਾਰੇ ॥ | ਅਠਾਰਹਂ | ਭਾਰ ਅਠਾਰਹ = ਸਗਲ ਬਨਸਪਤੀ। | ਆਰਤੀ ਦੇ ਨਾਲ ਪੂਜਾ ਆਦਿ ਲਈ ਵਰਤੀ ਜਾਣ ਵਾਲੀ ਸਮੱਗਰੀ ਬਾਰੇ ਕਹਿੰਦੇ ਹਨ – ਤੇਰਾ ਨਾਮ ਧਾਗਾ ਹੈ (ਮਾਲਾ ਪਰੋਉਣ ਲਈ), ਨਾਮ ਫੁਲ ਅਤੇ ਮਾਲਾ ਹੈ (ਮੈਂ ਬਨਸਪਤੀ ਨਹੀਂ ਵਰਤਦਾ ਆਰਤੀ ਲਈ ਕਿਉਂਕਿ) ਸਗਲੀ ਬਨਸਪਤੀ ਤਾਂ ਜੂਠੀ ਹੈ। |
| ਤੇਰੋ ਕੀਆ, ਤੁਝਹਿ ਕਿਆ ਅਰਪਉ, ਨਾਮੁ ਤੇਰਾ, ਤੁਹੀ ਚਵਰ ਢੋਲਾਰੇ ॥੩॥ | ਅਰਪਉਂ, | | ਸਭ ਤੇਰਾ ਕੀਤਾ ਹੋਇਆ ਹੈ, ਸੋ ਮੈਂ ਤੈਨੂੰ ਕੀ ਅਰਪਾਂ? ਤਾਂ ਤੇ, ਮੈਂ ਤੇਰਾ ਨਾਮ ਹੀ ਤੈਨੂੰ ਚਵਰ ਰੂਪ ਵਿਚ ਝੁਲਾਉਂਦਾ ਹਾਂ। |
| ਦਸਅਠਾ, ਅਠਸਠੇ, ਚਾਰੇ ਖਾਣੀ, ਇਹੈ ਵਰਤਣਿ ਹੈ ਸਗਲ ਸੰਸਾਰੇ ॥ | | | ੧੮ ਪਰਾਨਾਂ, ੬੮ ਤੀਰਥ, ੪ ਖਾਣੀਆਂ; ਸਭ ਸੰਸਾਰ ਦੀ ਵਰਤਣ ਇਹਨਾਂ ਵਿਚ ਹੀ ਹੈ। ਭਾਵ ਲੋਕ, ਸੰਸਾਰੀ ਕੰਮਾਂ ਵਿਚ ਹੀ ਲਗੇ ਹੋਏ ਹਨ। |

# ਸੰਥਿਆ – ਆਰਤੀ

| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਅਤੇ ਹੋਰ ਜਾਣਕਾਰੀ | ਅਰਥ ਵਿਚਾਰ |
|---|---|---|---|
| ਕਹੈ ਰਵਿਦਾਸੁ, ਨਾਮੁ ਤੇਰੋ ਆਰਤੀ, ਸਤਿਨਾਮੁ ਹੈ ਹਰਿ, ਭੋਗ ਤੁਹਾਰੇ ॥੪॥੩॥ | | | ਰਵਿਦਾਸ ਕਹਿੰਦਾ ਹੈ, ਹੇ ਹਰੀ, ਤੇਰਾ ਨਾਮ ਆਰਤੀ ਹੈ, ਤੇ ਸਤਿਨਾਮ ਦਾ ਜਪਣਾ ਤੈਨੂੰ ਭੋਗ ਲਾਉਣਾ ਹੈ। ਭਾਵ ਨਾਮ ਜਪਣਾ ਹੀ ਆਰਤੀ ਕਰਨੀ ਹੈ ਅਤੇ ਇਸ਼ਟ ਨੂੰ ਭੋਗ ਲਾਉਣਾ ਹੈ। |
| ਸ੍ਰੀ ਸੈਣੁ॥ | | | ਸ਼ਬਦ ਦਾ ਸਿਰਲੇਖ ਦੱਸਦਾ ਹੈ ਕਿ ਅਗਲਾ ਸ਼ਬਦ ਭਗਤ ਸ੍ਰੀ ਸੈਣ ਜੀ ਦਾ ਹੈ। |
| ਧੂਪ, ਦੀਪ, ਘ੍ਰਿਤ ਸਾਜਿ, ਆਰਤੀ ॥ | | ਕਈ ਇਹ ਅਰਥ ਕਰਦੇ ਹਨ ਕਿ ਧੂਫ, ਦੀਵਾ, ਘਿਓ ਆਦਿ ਸਾਜ ਕੇ, ਸ੍ਰੀ ਸੈਣ ਜੀ ਆਰਤੀ ਕਰਦੇ ਹਨ ਪਰ ਬਾਕੀ ਦਾ ਸ਼ਬਦ ਪੜਿਆਂ ਪਤਾ ਲਗਦਾ ਹੈ ਕਿ ਵਾਹਿਗੁਰੂ ਭਗਤੀ ਕਰਨੀ, ਤੇ ਵਾਹਿਗੁਰੂ ਤੋਂ ਕੁਰਬਾਨ ਜਾਣਾ, ਇਹੋ ਹੀ ਆਰਤੀ ਹੈ ਹੋਰ ਆਰਤੀਆਂ ਜੋ ਮੂਰਤੀਆਂ ਅਗੇ ਕੀਤੀਆਂ ਜਾਂਦੀਆਂ ਹਨ, ਉਹ ਝੂਠੀਆਂ ਹਨ। | ਲੋਕ ਧੂਫ, ਦੀਵਾ, ਘਿਓ ਆਦਿ ਸਮਗ੍ਰੀ ਸਾਜ ਕੇ ਆਰਤੀ ਕਰਦੇ ਹਨ ਪਰ; |
| ਵਾਰਨੇ ਜਾਉ, ਕਮਲਾਪਤੀ ॥੧॥ | ਜਾਉਂ | | ਮੈਂ ਤੇਰੇ ਤੋਂ ਕੁਰਬਾਨ ਜਾਂਦਾ ਹਾਂ (ਇਹੋ ਹੀ ਮੇਰੇ ਵਲੋਂ ਤੇਰੀ ਆਰਤੀ ਕਰਨੀ ਹੈ) |
| ਮੰਗਲਾ ਹਰਿ ਮੰਗਲਾ ॥ | | ਮੰਗਲ ਦਾ ਭਾਵ ਹੈ ਖੁਸ਼ੀ, ਕੁਸ਼ਲਤਾ। | ਮੰਗਲ ਹੈ, ਹੇ ਹਰੀ, ਮੰਗਲ ਹੈ; |
| ਨਿਤ ਮੰਗਲੁ, ਰਾਜਾ ਰਾਮ ਰਾਇ ਕੋ ॥੧॥ ਰਹਾਉ ॥ | | | ਨਿੱਤ ਮੰਗਲ ਹੈ (ਮੇਰੇ ਘਰੇ), ਰਾਜਾ ਰਾਮਰਾਇ ਦਾ ਬਖ਼ਸ਼ਿਆ ਹੋਇਆ। |
| ਊਤਮੁ ਦੀਅਰਾ, ਨਿਰਮਲ ਬਾਤੀ ॥ | | | ਆਰਤੀ ਲਈ ਵਰਤਿਆ ਜਾਣ ਵਾਲਾ ਵਧੀਆ ਦੀਵਾ ਅਤੇ ਸਾਫ ਬੱਤੀ, ਮੇਰੇ ਵਾਸਤੇ; |
| ਤੁਹੀਂ ਨਿਰੰਜਨੁ, ਕਮਲਾਪਾਤੀ ॥੨॥ | | | ਤੂਹੀ ਹੈਂ, ਹੇ ਕਮਲਾ (ਲਖਮੀ) ਦੇ ਪਤੀ ਵਾਹਿਗੁਰੂ। |
| ਰਾਮਾ ਭਗਤਿ, ਰਾਮਾਨੰਦੁ ਜਾਨੈ ॥ | | | ਜੋ ਰਾਮ ਦੀ ਭਗਤੀ ਕਰਦਾ ਹੈ ਉਹ ਰਾਮ ਦਾ ਆਨੰਦ ਜਾਣਦਾ ਹੈ। |

| ਸੰਥਿਆ – ਆਰਤੀ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਅਤੇ ਹੋਰ ਜਾਣਕਾਰੀ | ਅਰਥ ਵਿਚਾਰ |
| ਪੂਰਨ ਪਰਮਾਨੰਦੁ ਬਖਾਨੈ ॥੩॥ | | | ਉਹ ਪੂਰਨ ਪਰਮ ਅਨੰਦ ਨੂੰ ਬਿਆਨ ਕਰਦਾ ਹੈ ਭਾਵ ਉਸ ਪਰਮਾਤਮਾ ਦੇ ਅਨੰਦ ਦੇ ਗੁਣ ਗਾਉਂਦਾ ਹੈ। |
| ਮਦਨ ਮੂਰਤਿ, ਭੈ ਤਾਰਿ, ਗੋਬਿੰਦੇ ॥ | | ਮਦਨ ਦਾ ਭਾਵ ਹੈ 'ਮੱਦ' ਕਰਨ ਵਾਲਾ ਭਾਵ ਮਸਤ ਕਰ ਦੇਣਵਾਲਾ। ਆਮ ਤੌਰ ਤੇ ਇਹ ਸ਼ਬਦ ਕਾਮਦੇਵ ਲਈ ਵਰਤਿਆ ਜਾਂਦਾ ਹੈ ਕਿਉਂਕਿ ਕਾਮ ਸਭ ਨੂੰ ਮਸਤ ਕਰ ਦਿੰਦਾ ਹੈ। | ਪਰਮਾਤਮਾ ਮਸਤ ਕਰ ਦੇਣਵਾਲੀ ਮੂਰਤਿ ਹੈ, ਭੈ ਸਾਗਰ ਤੋਂ ਤਾਰਨਵਾਲਾ ਹੈ ਅਤੇ ਗੋ (ਧਰਤੀ) ਦੀ ਸਾਰ ਲੈਣਵਾਲਾ ਹੈ। |
| ਸੈਨੁ ਭਣੈ, ਭਜੁ ਪਰਮਾਨੰਦੇ ॥੪॥੨॥ | | | ਸ੍ਰੀ ਸੈਨ ਕਹਿੰਦਾ ਹੈ, ਪਰਮਾਨੰਦ (ਪਰਮ ਆਨੰਦ ਰੂਪ ਪਰਮਾਤਮਾ) ਨੂੰ ਭਜ ਭਾਵ ਉਸਦਾ ਭਜਨ ਕਰ। |
| ਪ੍ਰਭਾਤੀ॥ | | | ਰਾਗ ਪ੍ਰਭਾਤੀ ਵਿਚ, ਭਗਤ ਕਬੀਰ ਜੀ ਦਾ ਉਚਾਰਨ ਕੀਤਾ ਸ਼ਬਦ। |
| ਸੁੰਨ ਸੰਧਿਆ ਤੇਰੀ, ਦੇਵ, ਦੇਵਾਕਰ, ਅਧਪਤਿ ਆਦਿ ਸਮਾਈ ॥ | | | ਨਾਮ ਜਪ ਕੇ ਮਨ ਨੂੰ ਤ੍ਰੈਗੁਣੀ ਫੁਰਨਿਆਂ ਵਲੋਂ ਸੁੰਨ ਕਰ ਲੈਣਾ, ਇਹ ਤੇਰੀ ਸੰਧਿਆ ਦੀ ਆਰਤੀ ਹੈ, ਹੇ ਦੇਵ, ਹੇ ਵੱਡੇ ਸੂਰਜ (ਦੇਵਾਕਰ), ਹੇ ਰਾਜੇ (ਅਧਪਤਿ), ਹੇ ਮੁੱਢ (ਸਭ ਦੇ ਮੂਲ) ਅਤੇ ਹੇ ਸਮਾਏ ਹੋਏ ਪਰਮਾਤਮਾ। |
| ਸਿਧ ਸਮਾਧਿ ਅੰਤੁ ਨਹੀ ਪਾਇਆ, ਲਾਗਿ ਰਹੇ ਸਰਨਾਈ ॥੧॥ | ਸ਼ਰਨਾਈ | | ੧. ਸਿਧਾਂ ਨੇ ਸਮਾਧੀ ਲਾ ਕੇ ਅੰਤ ਨਹੀਂ ਪਾਇਆ, ਤਾਂ ਤੇ ਪਰਮਾਤਮਾ ਦੀ ਸ਼ਰਨ ਵਿਚ ਹੀ ਪਿਆ ਰਹੇ।<br>੨. ਇਥੇ ਇਹ ਭਾਵ ਨਹੀਂ ਕਿ ਸਿਧਾਂ ਨੇ ਅੰਤ ਨਹੀਂ ਪਾਇਆ, ਇਸ ਉਹ ਪਰਮਾਤਮਾ ਦੀ ਸ਼ਰਨ ਵਿਚ ਪਏ ਹੋਏ ਹਨ। ਸ਼ਰਨ ਵਿਚ ਪਏ ਰਹਿਣ ਦਾ ਭਾਵ ਭਗਤਾਂ ਵਾਸਤੇ ਹੈ; ਸਿਧਾਂ ਦਾ ਪਰਮਾਤਮਾ ਦੀ ਸ਼ਰਨ ਪਏ ਰਹਿਣਾ ਇਕ ਮਿਥਿਆ ਖਿਆਲੀ ਹੈ। |
| ਲੇਹੁ ਆਰਤੀ ਹੋ, ਪੁਰਖ ਨਿਰੰਜਨ; ਸਤਿਗੁਰ ਪੂਜਹੁ, ਭਾਈ ॥ | | ਪੰਕਤੀ ਦਾ ਅਨਵੈ: ਪੁਰਖ ਨਿਰੰਜਨ (ਦੀ) ਆਰਤੀ ਲੇਹੁ, ਹੋ। (ਕਿਵੇਂ?) ਸਤਿਗੁਰੁ ਪੂਜਹੁ ਭਾਈ।<br>੨. 'ਹੋ' ਦਾ ਸੰਬੰਧ 'ਭਾਈ' ਨਾਲ ਹੈ – ਹੇ ਭਾਈ। | ਹੇ ਭਾਈ, ਸਤਿਗੁਰ ਦੀ ਪੂਜਾ ਕਰੋ ਭਾਵ ਗੁਰਮਤਿ ਤੇ ਚਲੋ ਭਾਵ ਨਾਮ ਜਪੋ; ਇਸ ਬਿਧਿ, ਨਿਰੰਜਨ (ਮਾਇਆ ਤੋਂ ਨਿਰਲੇਪ) ਪੁਰਖ ਦੀ ਆਰਤੀ ਕਰੋ। |

| ਸੰਥਿਆ - ਆਰਤੀ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਅਤੇ ਹੋਰ ਜਾਣਕਾਰੀ | ਅਰਥ ਵਿਚਾਰ |
| ਠਾਢਾ ਬ੍ਰਹਮਾ ਨਿਗਮ ਬੀਚਾਰੈ, ਅਲਖੁ ਨ ਲਖਿਆ ਜਾਈ ॥੧॥ ਰਹਾਉ ॥ | ਅਲੱਖ | 'ਠਾਢਾ' ਦਾ ਉਚਾਰਨ 'ਠਾਂਢਾ' ਕਰਨਾ ਦਰੁਸਤ ਨਹੀਂ ਹੈ ਕਿਉਂਕਿ ਇਥੇ ਇਸ ਸ਼ਬਦ ਦਾ ਅਰਥ 'ਠੰਢਾ' ਨਹੀਂ ਬਲਕਿ 'ਖੜਾ' ਹੈ। | ਬ੍ਰਹਮਾ ਵਾਹਿਗੁਰੂ ਨੂੰ ਵੇਦਾਂ ਰਾਹੀਂ ਵਿਚਾਰਦਾ ਹੈ ਪਰ ਅਲੱਖ ਵਾਹਿਗੁਰੂ ਉਸ ਤੋਂ ਲਖਿਆ ਨਹੀਂ ਗਿਆ। |
| ਤਤੁ ਤੇਲੁ, ਨਾਮੁ ਕੀਆ ਬਾਤੀ, ਦੀਪਕੁ ਦੇਹ, ਉਜ੍ਯਾਰਾ ॥ | ਤੱਤੁ<br>ਉਜ੍ਯਾਰਾ-ਉਜਿਆਰਾ | | ੧. ਦੇਹ ਨੂੰ ਦੀਵਾ ਬਣਾ ਕੇ, ਤੱਤ ਗਿਆਨ ਭਾਵ ਗੁਰਬਾਣੀ ਨੂੰ ਤੇਲ ਬਣਾ ਕੇ ਅਤੇ ਨਾਮ ਨੂੰ ਬੱਤੀ ਬਣਾ ਕੇ, ਉਜਾਲਾ ਕਰੇ।<br>੨. 'ਤਤੁ' ਦਾ ਭਾਵ ਤੱਤ ਗਿਆਨ ਹੈ ਜੋ ਕਿ ਇਸ ਦ੍ਰਿਸ਼ਟਮਾਨ ਸੰਸਾਰ ਵਿਚ ਗੁਰਬਾਣੀ ਹੀ ਹੈ। |
| ਜੋਤਿ ਲਾਇ, ਜਗਦੀਸ ਜਗਾਇਆ, ਬੂਝੈ ਬੂਝਨਹਾਰਾ ॥੨॥ | ਜਗਦੀਸ਼ | | ਇਸ ਬਿਧਿ (ਉਪਰ ਦੱਸੇ ਮੁਤਾਬਕ) ਜੋਤਿ ਜਗਾ ਕੇ, ਜਗਦੀਸ਼ ਨੂੰ ਭੀਤਰਿ ਹੀ ਜਗਾ ਲਵੇ; ਪਰ ਐਸਾ ਕੋਈ ਵਿਰਲਾ ਹੀ ਬੁਝਣਵਾਲਾ ਹੁੰਦਾ ਹੈ। |
| ਪੰਚੇ ਸਬਦ ਅਨਾਹਦ ਬਾਜੇ, ਸੰਗੇ ਸਾਰਿੰਗਪਾਨੀ ॥ | ਸ਼ਬਦ | | ੧. ਸਾਰਿੰਗਪਾਨੀ ਵਾਹਿਗੁਰੂ ਦੇ ਸੰਗ ਸਾਥ (ਦਰਸ਼ ਮਿਲਾਪ ਨਾਲ) ਸ੍ਰੇਸ਼ਟ (ਪੰਚੇ) ਅਨਹਦ ਸ਼ਬਦ, ਭੀਤਰਿ ਵੱਜਦੇ ਰਹਿੰਦੇ ਹਨ।<br>੨. ਪੰਚ ਅਨਹਦ ਸ਼ਬਦਾਂ ਦਾ ਭਾਵ ਜੋਗੀਆਂ ਵਾਲੇ ਜਾਂ ਰਾਧਾ ਸੁਆਮੀਆਂ ਵਾਲੇ ਪੰਜ ਆਵਾਜ਼ਾਂ ਵਾਲੇ ਨਾਦਾਂ ਤੋਂ ਨਹੀਂ ਹੈ ਬਲਕਿ ਇਹ ਅਗੰਮੀ ਸਚਖੰਡੀ ਨਜ਼ਾਰਿਆਂ ਦੀ ਗੱਲ ਹੈ ਜੋ ਗੁਰੂ ਘਰ ਦੇ ਪੁੱਗ ਖਲੋਤੇ ਅਨਿੰਨ ਸਿਖਾਂ ਦੀ ਅਵਸਥਾ ਹੁੰਦੀ ਹੈ। |
| ਕਬੀਰ ਦਾਸ, ਤੇਰੀ ਆਰਤੀ ਕੀਨੀ, ਨਿਰੰਕਾਰ ਨਿਰਬਾਨੀ ॥੩॥੫॥ | | | ਦਾਸ ਕਬੀਰ ਨੇ ਤੇਰੀ ਇਸ ਬਿਧਿ ਆਰਤੀ ਕੀਤੀ ਹੈ, ਹੇ ਨਿਰੰਕਾਰ (ਤ੍ਰੈਗੁਣੀ ਆਕਾਰ ਤੋਂ ਰਹਿਤ), ਹੇ ਨਿਰਬਾਨੀ। |
| ਧੰਨਾ॥ | | | ਸ਼ਬਦ ਦਾ ਸਿਰਲੇਖ ਦੱਸਦਾ ਹੈ ਕਿ ਅਗਲਾ ਸ਼ਬਦ ਭਗਤ ਸ੍ਰੀ ਧੰਨਾ ਜੀ ਦਾ ਹੈ। |
| ਗੋਪਾਲ, ਤੇਰਾ ਆਰਤਾ ॥ | | | ਹੇ ਗੋਪਾਲ, ਮੈਂ ਤੇਰਾ ਆਰਤਾ (ਦੁਖੀ, ਮੰਗਤਾ) ਹਾਂ ( ਤੇਰੀ ਸ਼ਰਣ ਵਿਚ ਹਾਂ)। |

| ਸੰਥਿਆ – ਆਰਤੀ | | | |
|---|---|---|---|
| ਗੁਰਬਾਣੀ ਪਾਠ | ਉਚਾਰਨ ਸੇਧ | ਉਚਾਰਨ ਤੇ ਬਿਸ਼ਰਾਮ ਸੇਧ ਅਤੇ ਹੋਰ ਜਾਣਕਾਰੀ | ਅਰਥ ਵਿਚਾਰ |
| ਜੋ ਜਨ, ਤੁਮਰੀ ਭਗਤਿ ਕਰੰਤੇ; ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥ | | | ਜੋ ਜਨ ਤੇਰੀ ਭਗਤੀ ਕਰਦੇ ਹਨ, ਤੂੰ ਉਹਨਾਂ ਦੇ ਤੂੰ ਕਾਜ ਸਵਾਰਦਾ ਹੈਂ। |
| ਦਾਲਿ, ਸੀਧਾ, ਮਾਗਉ ਘੀਉ ॥ | ਮਾਂਗਉਂ | | ਮੈਂ ਦਾਲ, ਆਟਾ ਤੇ ਘਿਓ ਮੰਗਦਾ ਹਾਂ। |
| ਹਮਰਾ, ਖੁਸੀ ਕਰੈ ਨਿਤ, ਜੀਉ ॥ | ਖ਼ੁਸ਼ੀ | ਪੰਕਤੀ ਦਾ ਅਨਵੈ – ਹਮਰਾ ਜੀਉ (ਮਨ), ਨਿਤ ਖ਼ੁਸੀ ਕਰੈ। | (ਜਿਸ ਕਰਕੇ) ਸਾਡਾ ਮਨ, ਨਿਤ ਖੁਸ਼ ਰਹੇ। |
| ਪਨ੍ਹੀਆ ਛਾਦਨੁ ਨੀਕਾ ॥ | | | ਮੈਂ ਅੱਛੀ (ਨੀਕਾ) ਜੁੱਤੀ (ਪਨੀਆ) ਤੇ ਅੱਛੇ ਕਪੜੇ (ਛਾਦਨ) ਮੰਗਦਾਂ ਹਾਂ ਜੀ। |
| ਅਨਾਜੁ ਮਗਉ ਸਤ ਸੀ ਕਾ ॥੧॥ | ਮੰਗਉਂ | | ਅਨਾਜ ਉਹ ਮੰਗਦਾ ਹਾਂ ਜਿਹੜਾ ਪੈਲੀ ਨੂੰ ਸੱਤ ਵਾਰੀ ਵਾਹ ਕੇ ਪੈਦਾ ਕੀਤਾ ਹੋਵੇ ਭਾਵ ਉਤਮ ਅਨਾਜ ਮੰਗਦਾ ਹਾਂ। |
| ਗਊ, ਭੈਸ ਮਗਉ ਲਾਵੇਰੀ ॥ | ਭੈਂਸ, ਮੰਗਉਂ | | ਲਵੇਰੀ (ਦੁੱਧ ਦੇਣ ਵਾਲੀ) ਗਾਂ ਤੇ ਮੱਝ ਮੰਗਦਾ ਹਾਂ। |
| ਇਕ ਤਾਜਨਿ ਤੁਰੀ ਚੰਗੇਰੀ ॥ | ਤਾਜ਼ਨਿ | | ਇਕ ਅਰਬੀ (ਤਾਜਨਿ) ਘੋੜੀ (ਤੁਰੀ) ਮੰਗਦਾ ਹਾਂ। |
| ਘਰ ਕੀ ਗੀਹਨਿ ਚੰਗੀ ॥ | | | ੧. ਘਰ ਦੀ ਗ੍ਰਿਹਣੀ ਭਾਵ ਪਤਨੀ ਵੀ ਚੰਗੀ ਮੰਗਦਾ ਹਾਂ।<br>੨. ਕਈ "ਘਰ ਕੀ ਗੀਹਨਿ" ਦਾ ਅਰਥ ਮਨ ਦੀ ਮਤਿ ਭਾਵ ਅਕਲ ਦਾ ਭੀ ਲੈਂਦੇ ਹਨ ਪਰ ਇਸ ਸਾਰੇ ਸ਼ਬਦ ਵਿਚ ਸੰਸਾਰ ਵਿਚ ਰਹਿੰਦਿਆਂ ਲੋੜੀਂਦੀਆਂ ਵਸਤਾਂ ਦੀ ਮੰਗ ਕੀਤੀ ਹੈ। ਅੱਛੀ ਪਤਨੀ ਵੀ ਸੁਖੀ ਜੀਵਨ ਲਈ ਜ਼ਰੂਰੀ ਹੈ ਤੇ ਇਹ ਇਕ ਜਾਇਜ਼ ਮੰਗ ਹੈ। |
| ਜਨੁ ਧੰਨਾ ਲੇਵੈ ਮੰਗੀ ॥੨॥੪॥ | | | ਧੰਨਾ ਜਨ, ਹੇ ਗੋਪਾਲ, ਤੇਰੇ ਤੋਂ ਮੰਗ ਕੇ ਲੈ ਲੈਂਦਾ ਹੈ (ਲੋੜੀਂਦੀਆਂ ਵਸਤਾਂ)। |
| **ਸ੍ਵੈਯਾ ॥** | | | |
| ਪਾਂਇ ਗਹੇ ਜਬ ਤੇ ਤੁਮਰੇ, ਤਬ ਤੇ, ਕੋਊ ਆਂਖ ਤਰੇ ਨਹੀਂ ਆਨਯੋ ॥ | ਆਨਯੋ – ਆਨਿਓ | | ਜਦੋਂ ਤੋਂ ਮੈਂ ਤੇਰੇ ਚਰਨ ਪਕੜੇ ਹਨ, ਉਦੋਂ ਤੋਂ ਕੋਈ ਹੋਰ ਮੇਰੀ ਅੱਖ ਥੱਲੇ ਨਹੀਂ ਆਇਆ ਭਾਵ ਮੈਂ ਹੋਰ ਕਿਸੇ ਨੂੰ ਨਹੀਂ ਮੰਨਿਆ। |

| ਸੰਥਿਆ – ਆਰਤੀ | | | |
|---|---|---|---|
| **ਗੁਰਬਾਣੀ ਪਾਠ** | **ਉਚਾਰਨ ਸੇਧ** | **ਉਚਾਰਨ ਤੇ ਬਿਸ਼ਰਾਮ ਸੇਧ ਅਤੇ ਹੋਰ ਜਾਣਕਾਰੀ** | **ਅਰਥ ਵਿਚਾਰ** |
| ਰਾਮ ਰਹੀਮ ਪੁਰਾਨ ਕੁਰਾਨ, ਅਨੇਕ ਕਹੈਂ ਮਤ, ਏਕ ਨ ਮਾਨਯੋ ॥ | ਮਾਨਯੋ – ਮਾਨਿਓ,<br>ਮੱਤ | ੧. "ਮਤ" ਤੇ ਬਿਸ਼ਰਾਮ ਹੈ। "ਮਤ ਏਕ ਨਾ ਮਾਨਯੋ" ਪਾਠ ਨਹੀਂ ਕਰਨਾ ਚਾਹੀਦਾ।<br>੨. "ਮਤ" ਦਾ ਭਾਵ ਹੈ ਧਰਮ। | ਅਨੇਕਾਂ ਧਰਮ, ਰਾਮ ਜਾਂ ਰਹੀਮ ਜਪਣ ਦਾ ਉਪਦੇਸ਼ ਕਰਦੇ ਹਨ ਅਤੇ ਧਰਮਗ੍ਰੰਥ ਪੁਰਾਨ ਤੇ ਕੁਰਾਨ ਆਦਿ, ਬਹੁਤ ਕੁਝ ਕਹਿੰਦੇ ਹਨ ਪਰ ਮੈਂ ਉਹਨਾਂ ਦਾ ਕਿਹਾ ਇਕ ਨਹੀਂ ਮੰਨਿਆ। |
| ਸਿੰਮ੍ਰਿਤਿ ਸਾਸਤ੍ਰ ਬੇਦ ਸਭੈ, ਬਹੁ ਭੇਦ ਕਹੈਂ, ਹਮ ਏਕ ਨ ਜਾਨਯੋ ॥ | ਸ਼ਾਸਤ੍ਰ,<br>ਜਾਨਯੋ – ਜਾਨਿਓ | | ਸਿਮ੍ਰਤੀਆਂ, ਸ਼ਾਸਤ੍ਰ, ਬੇਦ ਸਾਰੇ, ਬਹੁਤ ਭੇਤ ਦੱਸਦੇ ਹਨ, ਪਰ ਮੈਂ ਇਕ ਨਹੀਂ ਜਾਣਿਆ। |
| ਸ੍ਰੀ ਅਸਿਪਾਨ, ਕ੍ਰਿਪਾ ਤੁਮਰੀ ਕਰਿ, ਮੈ ਨ ਕਹਯੋ, ਸਭ ਤੋਹਿ ਬਖਾਨਯੋ ॥ | ਮੈਂ,<br>ਕਹਯੋ – ਕਹਿਓ;<br>ਬਖਾਨਯੋ – ਬਖਾਨਿਓ | | ਹੇ ਸ੍ਰੀ ਕ੍ਰਿਰਪਾਨਧਾਰੀ ਪ੍ਰਭੂ ਜੀਓ, ਤੇਰੀ ਕਿਰਪਾ ਨਾਲ ਮੈਂ ਕੁਝ ਨਹੀਂ ਕਿਹਾ, ਸਭ ਤੂੰ ਹੀ ਮੈਂਥੋਂ ਬਖਿਆਨ ਕਰਾਇਆ ਹੈ। |
| **ਦੋਹਰਾ ॥** | | | |
| ਸਗਲ ਦੁਆਰ ਕਉ ਛਾਡਿ ਕੈ, ਗਹਿਓ ਤੁਹਾਰੋ ਦੁਆਰ ॥ | | | ਸਾਰੇ ਦੁਆਰੇ ਛਡ ਕੇ, ਤੇਰਾ ਦੁਆਰਾ ਫੜਿਆ ਹੈ। |
| ਬਾਂਹਿ ਗਹੇ ਕੀ ਲਾਜ ਅਸ, ਗੋਬਿੰਦ ਦਾਸ ਤੁਹਾਰ ॥ | | | ਬਾਂਹ ਫੜੀ ਦੀ ਲਾਜ ਰੱਖ, ਗੋਬਿੰਦ ਤੇਰਾ ਦਾਸ ਹੈ। |